# Minister of State for External Affairs and Culture (MoS), Smt. MeenakashiLekhi, visit to Spain (September 14-17, 2021)

September 17, 2021

## ਵਿਦੇਸ਼ ਅਤੇ ਸੱਭਿਆਚਾਰ ਰਾਜ ਮੰਤਰੀ ਸ਼੍ਰੀਮਤੀ ਮੀਨਾਕਸ਼ੀ ਲੇਖੀ ਦੀ ਸਪੇਨ ਯਾਤਰਾ (14-17 ਸਤੰਬਰ, 2021)

17 ਸਤੰਬਰ, 2021

1. ਵਿਦੇਸ਼ ਮਾਮਲੇ ਅਤੇ ਸੱਭਿਆਚਾਰ ਰਾਜ ਮੰਤਰੀ ਸ਼੍ਰੀਮਤੀ ਮੀਨਾਕਸ਼ੀ ਲੇਖੀ ਨੇ 14-17 ਸਤੰਬਰ, 2021 ਤੱਕ ਸਪੇਨ ਦੀ ਫੇਰੀ ਕੀਤੀ।

2. ਰਾਜ ਮੰਤਰੀ ਦੇ ਇਸ ਦੌਰੇ ਦੇ ਨਤੀਜੇ ਵਜੋਂ ਦੁਵੱਲੇ ਸਬੰਧਾਂ, ਖ਼ਾਸਕਰ ਕੋਵਿਡ 19 ਕਾਰਨ ਪਏ ਵਕਫ਼ੇ ਤੋਂ ਬਾਅਦ, ਦੀ ਵਿਆਪਕ ਸਮੀਖਿਆ ਕੀਤੀ ਗਈ। ਇਸ ਦੌਰੇ ਦੌਰਾਨ ਰਾਜ ਮੰਤਰੀ ਨੇ ਸਪੇਨ ਦੇ ਵਿਦੇਸ਼ ਮੰਤਰੀ ਮਹਾਮਹਿਮ ਜੋਸ ਮੈਨੁਅਲ ਅਲਬਾਰੇਸ, ਆਪਣੇ ਹਮਰੁਤਬਾ ਵਿਦੇਸ਼ ਮਾਮਲਿਆਂ ਦੇ ਸਟੇਟ ਸਕੱਤਰ ਮਹਾਮਹਿਮ ਸ਼੍ਰੀਮਤੀ ਐਨਜੇਲੇਸ ਮੋਰੇਨੋ ਬਾਉ ਅਤੇ ਅੰਤਰਰਾਸ਼ਟਰੀ ਮਾਮਲਿਆਂ ਦੇ ਸਟੇਟ ਸਕੱਤਰ ਮਹਾਮਹਿਮ ਸ਼੍ਰੀਮਤੀ ਪਿਲਰ ਕੇਨਸਲਾ ਰੌਡਰਿਗਜ਼ ਨਾਲ ਵਿਚਾਰ-ਵਟਾਂਦਰਾ ਕੀਤਾ।

3. ਸਪੈਨਿਸ਼ ਵਿਦੇਸ਼ ਮੰਤਰੀ ਅਤੇ ਵਿਦੇਸ਼ ਰਾਜ ਮੰਤਰੀ ਮੋਰੇਨੋ ਨੇ ਸਪੇਨ ਨੂੰ 56 ਏਅਰਬੱਸ ਸੀ 295 ਮਿਲਟਰੀ ਟ੍ਰਾਂਸਪੋਰਟ ਏਅਰਕ੍ਰਾਫਟ ਦੇਣ ਲਈ ਭਾਰਤ ਵੱਲੋਂ ਮਿਲੀ ਮਨਜ਼ੂਰੀ ਲਈ ਰਾਜ ਮੰਤਰੀ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਇਸ ਸਮਝੌਤੇ ਨਾਲ ਦੋਹਾਂ ਦੇਸ਼ਾਂ ਦੇ ਸਬੰਧਾਂ ਵਿੱਚ ਗੁਣਾਤਮਕ ਵਾਧਾ ਹੋਇਆ ਹੈ। ਅਫਗਾਨਿਸਤਾਨ ਦੀ ਸਥਿਤੀ 'ਤੇ ਚਰਚਾ ਕੀਤੀ ਗਈ। ਦੋਵੇਂ ਧਿਰਾਂ ਨੇ ਛੇਤੀ ਹੀ ਸਿਵਲ ਪ੍ਰਮਾਣੂ ਸਮਝੌਤਾ ਕਰਨ ਲਈ ਗੱਲਬਾਤ ਤੇਜ਼ ਕਰਨ 'ਤੇ ਸਹਿਮਤੀ ਪ੍ਰਗਟਾਈ। ਦੋਵਾਂ ਧਿਰਾਂ ਨੇ ਕੋਵਿਡ 19 ਮਹਾਂਮਾਰੀ ਦੇ ਸਭ ਤੋਂ ਮਾੜੇ ਪੜਾਅ ਦੌਰਾਨ ਇੱਕ ਦੂਜੇ ਵੱਲੋਂ ਦਿੱਤੀ ਗਈ ਮਦਦ ਦਾ ਵੀ ਜ਼ਿਕਰ ਕੀਤਾ। ਅੰਤਰਰਾਸ਼ਟਰੀ ਸੰਸਥਾਵਾਂ ਲਈ ਹੋਈਆਂ ਚੋਣਾਂ ਵਿੱਚ ਵਧ ਰਹੀ ਆਪਸੀ ਸਹਾਇਤਾ ਬਾਰੇ ਵੀ ਤਸੱਲੀ ਜ਼ਾਹਰ ਕੀਤੀ ਗਈ। ਰਾਜ ਮੰਤਰੀ ਨੇ ਦੱਸਿਆ ਕਿ ਸਪੈਨਿਸ਼ ਰਾਸ਼ਟਰਪਤੀ ਦੁਆਰਾ ਭਾਰਤ ਦੀ ਅਗਲੀ ਫੇਰੀ ਦੀ ਤਿਆਰੀ ਲਈ ਭਾਰਤ ਆਪਸੀ ਸਹੂਲਤ ਅਨੁਸਾਰ ਸਪੈਨਿਸ਼ ਵਿਦੇਸ਼ ਮੰਤਰੀ ਵੱਲੋਂ ਭਾਰਤ ਦੀ ਫੇਰੀ ਦੀ ਆਸ ਕਰ ਰਿਹਾ ਹੈ।

4. ਦੋਹਾਂ ਦੇਸ਼ਾਂ ਦਰਮਿਆਨ ਆਰਥਿਕ ਸਬੰਧਾਂ ਨੂੰ ਅੱਗੇ ਵਧਾਉਣ ਲਈ ਰਾਜ ਮੰਤਰੀ ਨੇ ਸਪੇਨ-ਇੰਡੀਆ ਕੌਂਸਲ ਫਾਉਂਡਸ਼ਨ ਦੇ ਮੈਂਬਰਾਂ ਨਾਲ ਮੁਲਾਕਾਤ ਕੀਤੀ। ਰਾਜ ਮੰਤਰੀ ਨੇ ਇਸ ਗੱਲਬਾਤ ਦੌਰਾਨ ਭਾਰਤ ਦੇ ਵਿਦੇਸ਼ੀ ਵਿਕਾਸ ਸਹਾਇਤਾ ਪ੍ਰੋਗਰਾਮ ਬਾਰੇ ਵੀ ਭਾਸ਼ਣ ਦਿੱਤਾ। ਇਸ ਗੱਲਬਾਤ ਦੌਰਾਨ ਰਾਜ ਮੰਤਰੀ ਨੇ ਭਾਰਤ ਦੇ

ਆਲਮੀ ਵਿਕਾਸ ਸਹਿਯੋਗ ਦੇ ਦਰਸ਼ਨ ਅਤੇ ਦੁਨੀਆ ਦੇ ਵੱਖ -ਵੱਖ ਹਿੱਸਿਆਂ ਵਿੱਚ ਦਿੱਤੀ ਗਈ ਸਹਾਇਤਾ ਬਾਰੇ ਦੱਸਿਆ।

5. ਰਾਜ ਮੰਤਰੀ ਨੇ ਆਈਸੀਸੀਆਰ ਦੁਆਰਾ ਸਮਰਥਤ ਪੀਪੀਪੀ ਮਾਡਲ ਵੈਲਾਡੋਲਿਡ ਵਿੱਚ ਕਾਸਾ ਡੇ ਲਾ ਇੰਡੀਆ ਦਾ ਦੌਰਾ ਕੀਤਾ। ਰਾਜ ਮੰਤਰੀ ਨੇ ਕਾਸਾ ਡੇ ਲਾ ਇੰਡੀਆ ਵਿਖੇ ਬੀਟਲਸ ਐਂਡ ਇੰਡੀਆ ਨਾਮ ਦੀ ਪ੍ਰਦਰਸ਼ਨੀ ਦਾ ਉਦਘਾਟਨ ਕੀਤਾ। ਉਹ ਵੈਲਾਡੋਲਿਡ ਦੇ ਮੇਅਰ ਦੁਆਰਾ ਦਿੱਤੇ ਗਏ ਐਗਜ਼ੀਕਿਊਟਿਵ ਲੰਚ ਦੌਰਾਨ ਕਾਸਾ ਡੀ ਲਾ ਇੰਡੀਆ ਦੇ ਬੋਰਡ ਮੈਂਬਰਾਂ ਨੂੰ ਵੀ ਮਿਲੇ।

6. ਅੰਤਰਰਾਸ਼ਟਰੀ ਸਹਿਕਾਰਤਾ ਸਕੱਤਰ ਨਾਲ ਸਪੇਨ ਦੇ ਸਰਵਾਂਟੇਜ਼ ਇੰਸਟੀਚਿਟ ਨਾਲ ਸਹਿਯੋਗ, ਫਿਲਮ ਨਿਰਮਾਣ, ਖੇਡਾਂ ਅਤੇ ਵਿਗਿਆਨ ਅਤੇ ਤਕਨਾਲੋਜੀ ਵਿੱਚ ਸਹਿਯੋਗ ਬਾਰੇ ਚਰਚਾ ਹੋਈ. ਦੋਹਾਂ ਧਿਰਾਂ ਨੇ ਯੂਨੈਸਕੋ ਵਰਡ ਹੈਰੀਟੇਜ ਸੂਚੀ ਵਿੱਚ ਕਾਕਾਤੀਆ ਮੰਦਰਾਂ ਅਤੇ ਪਾਸੇਓ ਡੇਲ ਪ੍ਰੈਡੋ ਅਤੇ ਬੁਏਨ ਰੇਟੀਰੀ ਦੇ ਸ਼ਾਮਲ ਹੋਣ 'ਤੇ ਇੱਕ ਦੂਜੇ ਨੂੰ ਵਧਾਈ ਵੀ ਦਿੱਤੀ। ਰਾਜ ਮੰਤਰੀ ਨੇ ਭਾਰਤ ਵੱਲੋਂ ਆਪਣੀ ਆਜ਼ਾਦੀ ਦੇ 75 ਸਾਲ ਪੂਰੇ ਹੋਣ 'ਤੇ ਦੇਸ਼ ਅੰਦਰ ਚੱਲ ਰਹੇ ਸਮਾਗਮਾਂ ਬਾਰੇ ਵੀ ਸਪੈਨਿਸ਼ ਪੱਖ ਨੂੰ ਜਾਣਕਾਰੀ ਦਿੱਤੀ।

7. ਰਾਜ ਮੰਤਰੀ ਦੇ ਸਨਮਾਨ ਵਿੱਚ ਹੋਏ ਸਮੁਦਾਇਕ ਸਵਾਗਤ ਦੌਰਾਨ ਉਨ੍ਹਾਂ ਨੇ ਭਾਰਤੀ ਪ੍ਰਵਾਸੀਆਂ ਨਾਲ ਗੱਲਬਾਤ ਕੀਤੀ। ਉਨ੍ਹਾਂ ਨੇ ਇੰਡੋਲੋਜਿਸਟਸ, ਆਈਸੀਸੀਆਰ ਦੇ ਸਾਬਕਾ ਵਿਦਿਆਰਥੀਆਂ, ਭਾਰਤੀ ਪ੍ਰਦਰਸ਼ਨਕਾਰੀ ਕਲਾਵਾਂ ਅਤੇ ਨਾਚਾਂ ਦੇ ਪ੍ਰੈਕਟੀਸ਼ਨਰਾਂ ਅਤੇ ਇੰਡੋਫਾਈਲਸ ਨਾਲ ਨਿੱਠ ਕੇ ਗੱਲਬਾਤ ਕੀਤੀ। ਰਾਜ ਮੰਤਰੀ ਨੇ ਸਪੈਨਿਸ਼ ਯੋਗਾ ਅਧਿਆਪਕਾਂ ਅਤੇ ਪ੍ਰੈਕਟੀਸ਼ਨਰਾਂ ਨਾਲ ਭਾਰਤੀ ਦੂਤਾਵਾਸ ਵਿਖੇ ਹੋਈ ਯੋਗਾ ਮਾਸਟਰ ਕਲਾਸ ਵਿੱਚ ਵੀ ਹਿੱਸਾ ਲਿਆ।

ਨਵੀਂ ਦਿੱਲੀ
17 ਸਤੰਬਰ, 2021

DISCLAIMER: This is an approximate translation. The original is available in English on MEA’s website and may be referred to as the official press release.